ਲੁੱਟ ਦਾ ਜ਼ਿੰਮਾਂ 05/06/2025

ਮਿੱਠੇ ਬੋਲੀ

ਸਿਰਫ ਚੰਗੇ ਲੋਕ ਹੀ ਨਹੀਂ ਬੋਲਦੇ

ਧੋਖਾ ਦੇਣ ਵਾਲੇ,

ਅਪਰਾਧਕ ਬਿਰਤੀ ਵਾਲੇ

ਵੀ ਸੁਹਣੇ ਪਿਆਰੇ ਮਿੱਠੇ ਬੋਲਦੇ ਨੇ

ਸੁੰਦਰ, ਮਨਮੋਹਕ, ਕਾਵਿਕ ਵਾਕ ਬਣਤਰ ਰਖਦੇ ਨੇ

ਮਿੱਠੇ ਬੋਲ ਉਹਨਾਂ ਦੀਆਂ ਲੁਪਤ ਭਾਵਨਾਵਾਂ ਛੁਪਾ ਲੈਂਦੇ ਨੇ

'ਉਹਨਾਂ' ਦੇ 'ਸਾਰੇ' ਕੰਮਾਂ ਨੂੰ ਪੂਰਾ ਕਰਨ ਵਿੱਚ ਸੌਖ ਪੈਦਾ ਕਰਦੇ ਨੇ

ਲੋਕ ਵਿਸ਼ਵਾਸ ਕਰਦੇ,

ਮਗਰ ਲਗਦੇ,

ਅੰਧ ਭਗਤ ਬਣਦੇ

ਫਿਰ ਲੁੱਟੇ ਜਾਂਦੇ ਹਨ

ਲੁੱਟ ਹੋ ਜਾਣ ਦਾ ਜ਼ਿੰਮਾਂ ਵੀ

ਉਹਨਾਂ ਦੇ ਆਪਣੇ ਉਪਰ ਹੀ ਲਗਦਾ ਹੈ

ਲੁੱਟ ਦਾ ਜ਼ਿੰਮਾ !

***

## ਯੁੱਧ ਦਾ ਕਰਮ

ਅਸਲ ਵਿੱਚ ਮਾਰਨ ਤੋਂ ਪਹਿਲਾਂ

ਹਿਟਲਰ ਵਰਗੇ ਲੋਕ

ਆਪਣੇ ਮਨ ਵਿੱਚ ਲੋਕਾਂ ਨੂੰ ਮਾਰਨ ਦੀ

ਨੇਸਤੋ ਨਾਬੂਦ ਕਰਨ ਦੀ ਇੱਛਾ ਪਾਲਦੇ ਹਨ

ਸ਼ਾਇਦ ਪਹਿਲੀ ਉਮਰੇ

ਉਹਨਾਂ ਦੀਆਂ ਤੰਗੀਆਂ ਨੇ

ਉਹਨਾਂ ਦੇ ਮਨ ਵਿੱਚ ਲੋਕਾਂ ਲਈ ਨਫ਼ਰਤ ਭਰ ਦਿੱਤੀ ਹੋਵੇ

ਫਿਰ ਉਹ ਹਿਟਲਰ ਵਾਂਗ ਲੋਕਾਂ ਲਈ ਉਠੱਦੇ,

ਉਹ ਕਾਮਿਆਂ ਮਜ਼ਦੂਰਾਂ ਨੂੰ ਇਕੱਠਾ ਕਰਦੇ

ਉਹਨਾਂ ਵਿੱਚ ਆਪਣੀ ਨਫ਼ਰਤ ਦੀ ਅੱਗ ਭਰਦੇ

ਉਹ ਲੀਡਰ ਬਣਦੇ

“ਪਵਿੱਤਰ ਖੂਨ” ਦਾ ਵਾਰਸ ਬਣਦੇ

ਆਪਣੀ ਅੰਦਰੂੰਨੀ ਨਫਰਤ ਭਰੀ ਨੀਤੀ ਨੂੰ

ਯਹੂਦੀਆਂ ਵਾਂਗ ਹੋਰ ਲੋਕਾਂ ਤੇ ਲਾਗੂ ਕਰਦੇ

ਯਹੂਦੀ ਵਾਂਗ ਹੀ ਬੰਦਿਆਂ, ਔਰਤਾਂ ਤੇ ਬੱਚਿਆਂ ਨੂੰ

ਕੈਪਾਂ ਵਿਚ ਰੱਖ ਕੇ ਤਸੀਹੇ ਦਿੰਦੇ

ਗੈਸ ਚੈਂਬਰਾਂ ਵਿੱਚ ਸੁੱਟ ਕੇ ਸਾੜਦੇ

ਜਾਂ ਗਲਾਂ ਵਿੱਚ ਟਾਇਰ ਪਾ ਕੇ ਸਾੜਦੇ

ਜਿੰਦਾ !

ਜ਼ਾਲਮ ਲੋਕ

ਯੁੱਧ ਪਹਿਲਾਂ ਆਪਣੇ ਮਨ ਦੀ ਧਰਤੀ ਤੇ ਕਰਦੇ

ਫਿਰ ਧਰਤੀ ਤੇ ਵਸਦੇ

ਬੇਦੋਸ਼ੇ ਲੋਕਾਂ ਨੂੰ ਮਾਰਦੇ ਹਨ

ਐਸੇ ਲੋਕਾਂ ਦੇ ਅੰਤਰ ਮਨ ਤੇ ਉੱਕਰੀ

ਦੁਜਿਆਂ ਨੂੰ ਮਾਰਨ ਦੀ ਲਾਲਸਾ

ਕਦੇ ਨਹੀਂ ਮਰਦੀ

ਔਰੰਗਜ਼ੇਬ ਹਿਟਲਰ ਚੰਗੇਜ਼ ਖ਼ਾਨ ਸਦਾ ਜੀਉਂਦੇ ਹਨ

ਕਦੇ ਨਹੀਂ ਮਰਦੇ

ਇਹ ਹੀ ਯੁੱਧ ਦਾ ਕਰਮ ਹੈ!

*****

## ਕਤਲ

ਕਿਹਾ ਜਾਂਦਾ ਹੈ ਕਿ

ਯੁੱਧ ਵਿੱਚ ਜਾਂ

ਯੁੱਧ ਵਰਗੇ ਹਾਲਾਤਾਂ ਵਿੱਚ

ਕਿਸੇ ਨੂੰ ਵੀ ਮਾਰਨਾ ਜਾਂ ਕਤਲ ਕਰਨਾ

ਬਹੁਤ ਆਸਾਨ ਹੋ ਜਾਂਦਾ ਹੈ।

ਪਰ ਮਹਾਂ ਮੂਰਖਤਾ ਭਰੀ

ਘਿਨਾਉਣੀ ਹਰਕਤ ਹੁੰਦੀ ਹੈ ।

ਦੁਨੀਆਂ ਭਰ ਵਿੱਚ

ਕਈ ਚੰਗੇ ਲੋਕ

ਐਸੇ ਕੋੜੇ ਦਿਨਾਂ ਵਿੱਚ ਮਾਰੇ ਗਏ

ਜਿਹਨਾਂ ਦੇ ਸਿਰਾਂ ਵਿੱਚ

ਸਮਾਜ ਨੂੰ ਬਦਲਣ ਤੇ

ਨਵਾਂ ਸਿਰਜਣ ਦੀ ਤਾਕਤ ਸੀ ।

ਅਕਸਰ ਚਿੰਝੜੀ ਛੇੜਨ ਲਈ

ਜਾਂ ਖਾਹ ਮੁਖਾਹ ਲੜਨ ਵਾਸਤੇ,

ਕੋਈ ਲੜਾਈ ਕਰਨ  ਲਈ

ਕਿਸੇ ਛੋਟੇ ਜਾਂ ਵੱਡੇ ਬਹਾਨੇ ਦੀ ਲੋੜ ਹੁੰਦੀ ਹੈ

ਕਿਸੇ ਆਮ ਪਰਿਵਾਰ ਵੱਲੋਂ

ਕਿਸੇ ਜ਼ਿਮੀਂਦਾਰ ਜਾਂ ਅਮੀਰ  ਦੇ ਘਰ ਲਾਗੇ

ਪੱਕਾ ਮਕਾਨ ਬਣਾਉਣਾ

ਗੋਲੀਆਂ ਦੇ ਸ਼ੈੱਲ ਸੂਰ ਦੇ ਮਾਸ ਜਾਂ

ਗਾਂ ਦੇ ਮਾਸ ਨਾਲ ਬਣਵਾਉਣੇ

ਜਿਵੇਂ ‘ਵੈਪਨਜ਼ ਆਫ ਮਾਸ ਡਿਸਟਰੱਕਸ਼ਨ’ ਦਾ ਬਹਾਨਾ ਬਣਾਉਣਾ

ਨਿਊਕਲੀਅਰ ਹਥਿਆਰ ਬਣਾਉਣਾ

ਰੂਸ ਵੱਲੋਂ ਛੋਟੇ ਭਰਾ ਯੂਕਰੇਨ ਨੂੰ ਬਦਤਮੀਜ਼ੀ ਦੀ ਸਜ਼ਾ ਦੇਣਾ

ਪੁੱਲਵਾਮਾ ਅਤੇ ਪਹਿਲਗਾਮ ਵਿੱਚ ਹੋਈਆਂ

ਅੱਤਵਾਦੀ ਘਟਨਾਵਾਂ ਕਾਰਣ

ਭਾਰਤ ਤੇ ਪਾਕਿਸਤਾਨ ਵਿਚਕਾਰ ਯੁੱਧ ਛਿੜਨਾ !

ਹੁਣ ਫਿਰ ਯੁੱਧ ਦੌਰਾਨ ਕਈ ਚੰਗੇ ਲੋਕ

ਮਾੜੇ ਲੋਕਾਂ ਦੇ ਨਾਲ ਨਾਲ ਮਾਰੇ ਜਾਣਗੇ

ਕਈ ਕਮੀਨੇ ਮਾਰੇ ਜਾਣਗੇ

ਕਈ ਬਹਾਦਰ ਸ਼ਹਾਦਤ ਪ੍ਰਾਪਤ ਕਰ ਜਾਣਗੇ

ਮਰਨਾ ਮਾਰਨਾ ਆਸਾਨ ਲਗਦਾ ਹੋਵੇਗਾ

ਖ਼ਬਰਾਂ ਦੇਣ ਅਤੇ ਖ਼ਬਰਾਂ ਬਣਨ ਵਿੱਚ ਬੜਾ ਫਰਕ ਹੁੰਦਾ ਹੈ

ਕਿਸੇ ਦੀ ਜਿੱਤ ਹੋਵੇਗੀ ਕਿਸੇ ਦੀ ਹਾਰ ਹੋਵੇਗੀ

ਜਿੱਤ ਦੇ ਝੰਡੇ ਲਹਿਰਾਏ ਜਾਣਗੇ

ਅੰਤ ਵਿੱਚ ਕੁੱਝ ਲੋਕ ਪਹਿਲਾ ਖੁਸ਼ ਹੋਣਗੇ

ਫਿਰ ਨਫਰਤ ਕਰਨਗੇ

ਕੋਈ ਵੀ, ਕਿਸੇ ਤਰਾਂ ਵੀ ਕੀਤਾ ਗਿਆ ਕਤਲ

ਪਿਆਰ ਪੈਦਾ ਨਹੀਂ ਕਰ ਸਕਦਾ

ਹਾਂ, ਯੁੱਧ ਦਾ ਕਾਰਣ ਜ਼ਰੂਰ ਬਣਦਾ ਹੈ

ਇਰਾਨ ਅਮਰੀਕਾ ਯੁੱਧ ਇਸ ਤਸਵੀਰ ਦਾ ਸਿੱਧਾ ਪ੍ਰਦਰਸ਼ਨ ਹੈ

****

***